**Sh. Rajinder Kumar**
Assistant Registrar
(Student Welfare)

**I.K. Gujral Punjab Technical University**
Jalandhar- Kapurthala Highway, Kapurthala
Phone No. 94780 98038

*Ref. No. IKGPTU/AR/SW/2823* *Date: 14/01/2021*

ਪ੍ਰਿੰਸੀਪਲ/ ਡਾਇਰੈਕਟਰ
ਆਈ.ਕੇ.ਜੀ.ਪੀ.ਟੀ.ਯੂ ਨਾਲ ਸਬੰਧਤ ਸਾਰੇ ਕਾਲਜ ਅਤੇ ਕੈਂਪਸ,

**ਵਿਸ਼ਾ:- ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਦੀ ਸਹੂਲਤ ਮੁਹੱਈਆਂ ਕਰਵਾਉਣ ਸੰਬੰਧੀ।**

ਉਪਰੋਕਤ ਦੇ ਸੰਬੰਧ ਵਿੱਚ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ (ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ ਵੱਲੋਂ ਡਾਇਰੈਕਟਰ, ਸਟੇਟ ਟਰਾਂਸਪੋਰਟ ਵਿਭਾਗ, ਪੰਜਾਬ ਚੰਡੀਗੜ੍ਹ ਅਤੇ ਮੈਨੇਜਿੰਗ ਡਾਇਰੈਕਟਰ, ਪੀ.ਆਰ.ਟੀ.ਸੀ., ਪਟਿਆਲਾ ਨੂੰ ਜਾਰੀ ਪੱਤਰ ਪਿੱਠ ਅੰਕਣ ਨੰ. ਡੀ.ਟੀ.ਈ./ਸ-3/114/ਲੇਖਾ, ਮਿਤੀ 11-01-2021 ਦਾ ਉਤਾਰਾ ਪ੍ਰਾਪਤ ਹੋਇਆ ਹੈ, ਜਿਸ ਵਿੱਚ ਉਹਨਾਂ ਵੱਲੋਂ ਯੂਨੀਵਰਸਿਟੀ ਨਾਲ ਸਬੰਧਤ ਸਾਰੇ ਕਾਲਜਾਂ ਅਤੇ ਕੈਂਪਸਾਂ ਦੇ ਸਬੰਧਤ ਪ੍ਰਿੰਸੀਪਲ ਵੱਲੋਂ ਨਾਲ ਨੱਥੀ ਪ੍ਰੋਫਾਰਮੇ (ਲੜੀ ਨੰ. 01 ਤੋਂ 04) ਅਨੁਸਾਰ ਸਰਟੀਫਿਕੇਟ ਅਤੇ ਲੋੜੀਂਦੀ ਕਾਰਵਾਈ ਕਰਨ ਸਬੰਧੀ ਲਿਖਿਆ ਹੈ (ਪੱਤਰ ਨਾਲ ਨੱਥੀ ਹੈ)।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਬੱਸ ਪਾਸ ਮੁਹੱਈਆ ਕਰਵਾਉਣ ਸਬੰਧੀ ਉਪਰੋਕਤ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ ਜੀ।

RK 14/01/2021

**ਸਹਾਇਕ ਰਜਿਸਟਰਾਰ**
**(ਵਿਦਿਆਰਥੀ ਭਲਾਈ ਵਿਭਾਗ)**

**ਉਤਾਰਾ:-** ਰਜਿਸਟਰਾਰ (ਜਾਣਕਾਰੀ ਹਿੱਤ)।
ਡੀਨ, ਵਿਦਿਆਰਥੀ ਭਲਾਈ ਵਿਭਾਗ (ਜਾਣਕਾਰੀ ਹਿੱਤ)।
ਸੰਯੁਕਤ ਰਜਿਸਟਰਾਰ,ਵਿਦਿਆਰਥੀ ਭਲਾਈ ਵਿਭਾਗ (ਜਾਣਕਾਰੀ ਹਿੱਤ)।
ਮੁਖੀ, ਆਈ.ਟੀ.ਐਸ. ਵਿਭਾਗ (ਵੈੱਬ-ਸਇਟ ਤੇ ਪਾਉਣ ਲਈ)
ਕੰਟਰੋਲਰ (ਪ੍ਰੀਖਿਆਵਾਂ)-ਕਾਲਜਾਂ ਦੀ ਲਾਗਿਨ ਆਈ.ਡੀ. ਵਿੱਚ ਪਾਉਣ ਲਈ।

**I.K Gujral Punjab Technical University**
Jalandhar-Kapurthala Highway, Kapurthala - 144603,
01822-282542, 9478098038, Email: rajinderkumar.ptu@gmail.com

CS Scanned with CamScanner

ਵੱਲੋਂ,

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ,
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ ।

ਸੇਵਾ ਵਿੱਚ,

1. ਡਾਇਰੈਕਟਰ,
ਸਟੇਟ ਟਰਾਂਸਪੋਰਟ ਵਿਭਾਗ,ਪੰਜਾਬ,
ਸੈਕਟਰ-17,ਚੰਡੀਗੜ੍ਹ ।

2. ਮੈਨੇਜਿੰਗ ਡਾਇਰੈਕਟਰ,
ਪੈਪਸੂ ਰੋਡਵੇਜ਼ ਕਾਰਪੋਰੇਸ਼ਨ, ਪਟਿਆਲਾ ।

ਮੀਮੋ ਨੰ: 112-13 /ਲੇਖਾ
ਮਿਤੀ 11/1/2021

ਵਿਸ਼ਾ:- ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਸਹੂਲਤ ਮੁਹੱਈਆਂ ਕਰਵਾਉਣ ਸਬੰਧੀ।

ਇਸ ਪੱਤਰ ਰਾਹੀਂ ਆਪ ਨੂੰ ਸਾਲ 2020-21 ਅਕੈਡਮਿਕ ਸਾਲ ਲਈ ਵੀ ਰਿਆਇਤੀ ਬੱਸ ਪਾਸ ਸਹੂਲਤ ਮੁਹੱਈਆ ਕਰਾਉਣ ਲਈ ਸਕੱਤਰ, ਪੰਜਾਬ ਸਰਕਾਰ(ਤਕਨੀਕੀ ਸਿੱਖਿਆ-2) ਦੇ ਨੋਟੀਫਿਕੇਸ਼ਨ ਨੰ: ਟੈਕ.-ਟੀਈ-2013/1/2020-5ਟੀਈ1/1/ 59890/2020 ਮਿਤੀ 05/08/2020 ਰਾਹੀਂ ਫਰਮਾ-ਡੀ ਕੋਰਸ, ਨੋਟੀਫਿਕੇਸ਼ਨ ਨੰ: ਟੈਕ.-ਟੀਈ-2013/1/2020-5ਟੀਈ1/1/ 59893/2020 ਮਿਤੀ 05/08/2020 ਰਾਹੀਂ ਹੋਟਲ ਮਨੇਜਮੈਂਟ ਐਂਡ ਕੇਟਰਿੰਗ ਟੈਕ.ਕੋਰਸ, ਨੋਟੀਫਿਕੇਸ਼ਨ ਨੰ: ਟੈਕ.-ਟੀਈ-2013/1/2020-5ਟੀਈ1/1/ 59894/2020 ਮਿਤੀ 05/08/2020 ਰਾਹੀਂ ਐਮ.ਸੀ.ਏ. ਕੋਰਸ, ਨੋਟੀਫਿਕੇਸ਼ਨ. ਨੰ: .ਟੈਕ.-ਟੀਈ-2013/1/2020-5ਟੀਈ1/1/ 59895/2020 ਮਿਤੀ 05/08/2020 ਰਾਹੀਂ ਐਮ.ਬੀ.ਏ. ਕੋਰਸ ਨੋਟੀਫਿਕੇਸ਼ਨ. ਨੰ: ਟੈਕ.-ਟੀਈ-2013/1/2020-5ਟੀਈ1/1/ 59897/2020 ਮਿਤੀ 05/08/2020 ਰਾਹੀਂ ਐਮ.ਫਰਮਾ ਕੋਰਸ ਨੋਟੀਫਿਕੇਸ਼ਨ ਨੰ: ਟੈਕ.-ਟੀਈ-2013/1/2020-5ਟੀਈ1/1/ 59900/2020 ਮਿਤੀ 05/08/2020 ਰਾਹੀਂ ਬੀ.ਫਾਰਮੇਸੀ ਕੋਰਸ ਨੋਟੀਫਿਕੇਸ਼ਨ ਨੰ: ਟੈਕ.-ਟੀਈ-2013/1/2020-5ਟੀਈ1/1/ 59902/2020 ਮਿਤੀ 05/08/2020 ਰਾਹੀਂ ਬੀ ਫਾਰਮੇਸ ਕੋਰਸ/ ਫਰਮਾਂ ਡੀ ਕੋਰਸ ਨੋਟੀਫਿਕੇਸ਼ਨ ਨੰ: ਟੈਕ.-ਟੀਈ-2013/1/2020-5ਟੀਈ1/1/ 59903/2020 ਮਿਤੀ 05/08/2020 ਰਾਹੀਂ ਬੀ.ਟੈਕ.ਐਂਡ ਬੀ.ਇੰਜੀਨੀਅਰਿੰਗ ਕੋਰਸ ਨੋਟੀਫਿਕੇਸ਼ਨ ਨੰ: ਟੈਕ.-ਟੀਈ-2013/1/2020-5ਟੀਈ1/1/ 59905/2020 ਮਿਤੀ 05/08/2020 ਰਾਹੀਂ ਇੰਜੀਨੀਅਰਿੰਗ ਐਂਡ ਆਰਕੀਟੈਕਚਰ ਕੋਰਸ ਦੇ ਕੋਰਸਾਂ ਦੀਆਂ ਕਾਪੀਆਂ (ਸੰਸਥਾਵਾਂ ਦੇ ਨਾਂਵਾਂ ਤੇ ਕੋਰਸਾਂ ਸਮੇਤ) ਸੂਚੀ ਦੀਆਂ ਕਾਪੀਆਂ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੰਸਥਾਵਾਂ ਦੇ ਵਿੱਚ ਰੈਗੂਲਰ ਪੜ੍ਹਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਲਏ ਗਏ ਫੈਸਲੇ/ਨਿਯਮਾਂ ਅਤੇ ਸਮੇਂ-ਸਮੇਂ ਸਿਰ ਜ਼ਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਾਲ 2020-21 ਲਈ ਬੱਸ ਪਾਸ ਜ਼ਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਅਜਿਹੇ ਪਾਸ ਜ਼ਾਰੀ ਕਰਨ ਨਾਲ ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. ਨੂੰ ਪਏ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਕਰੇਗਾ ।

ਨੱਥੀ :- ਉਪਰੋਕਤ ਅਨੁਸਾਰ।

11/01/2021

ਸਹਾਇਕ ਕੰਟਰੋਲਰ(ਵਿੱਤ ਤੇ ਲੇਖਾ)
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

ਪਿੱਠ ਅੰਕਣ ਨੰ:ਡੀ.ਟੀ.ਈ./ਸ-3/ 114 /ਲੇਖਾ ਮਿਤੀ 11/1/2021

1. ਉਪਰੋਕਤ ਉਤਾਰਾ ਲਿਸਟਾਂ ਵਿੱਚ ਦਰਜ਼ ਸਬੰਧਿਤ ਸੰਸਥਾ ਦੇ ਪ੍ਰਿੰਸੀਪਲ/ਮੁੱਖੀ ਵਿਭਾਗ .......................................... ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਤਸਦੀਕ ਕੀਤਾ ਜਾਂਦਾ ਹੈ ਕਿ ਇਸ ਸੰਸਥਾਂ/ ਤਕਨੀਕੀ ਕਾਲਜ਼ ਨੂੰ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਉਕਤ..........ਕੋਰਸ ਲਈ ਪੱਤਰ ਨੰ:......................ਮਿਤੀ ..................... ਦੀ ਲੜੀ ਨੰ:.............. ਰਾਹੀਂ ਬੱਸ ਪਾਸ ਬਣਾਉਣ ਅਤੇ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਕਰਨ ਦੀ ਸਹਿਮਤੀ ਪ੍ਰਾਪਤ ਹੋਈ ਹੈ।
2. ਇਸ ਤੋਂ ਇਲਾਵਾ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਵਿਦਿਆਰਥੀਆਂ ਦੀ ਅਰਜ਼ੀ ਵੀ ਸਮੇਂ-ਸਿਰ ਸਿਫਾਰਸ਼ ਕੀਤੀ ਜਾਵੇ । ਜੇਕਰ ਵਿਦਿਆਰਥੀ ਅਰਜ਼ੀ ਸਿਫਾਰਸ਼ ਲਈ ਲੇਟ ਲੈ ਕੇ ਆਉਂਦਾ ਹੈ ਤਾਂ ਉਸ ਦਾ ਕਾਰਨ ਦੱਸਦੇ ਹੋਏ ਤਸਦੀਕ ਕੀਤਾ ਜਾਵੇ ਅਤੇ ਉਸ ਦੀ ਅਰਜ਼ੀ ਤੇ ਸਿਫਾਰਸ਼ ਪਾਸ ਖਤਮ ਹੋਣ ਦੀ ਮਿਤੀ ਤੋਂ ਹੀ ਕੀਤੀ ਜਾਵੇ।
3. ਕਾਲਜ਼ ਮੁਖੀ ਸਿਫਾਰਸ਼ ਕਰਦੇ ਸਮੇਂ ਇਹ ਯਕੀਨੀ ਬਣਾਉਣ ਅਤੇ ਦਰਜ਼ ਕਰਨ ਕਿ ਕਾਲਜ਼ ਮਿਤੀ....................... ਤੋਂ .........................ਤੱਕ ਬੰਦ ਰਹਿਣਗੇ ਅਤੇ ਛੁੱਟੀਆਂ ਵਿੱਚ ਇਹ ਵਿਦਿਆਰਥੀ ਕਾਲਜ਼ ਵਿੱਚ ਪੜ੍ਹਾਈ/ਇਮਤਿਹਾਨ/ਲਾਇਬਰੇਰੀ/ਖੇਡਾਂ ਜਾਂ ਹੋਰ ਮੰਤਵਾਂ ਲਈ ਆ ਜਾ ਸਕਣਗੇ।
4. ਵਿਦਿਆਰਥੀ ਨੂੰ ਇੱਕ ਵਾਰ ਬੱਸ ਪਾਸ ਜ਼ਾਰੀ ਕਰ ਦਿੱਤਾ ਜਾਂਦਾ ਹੈ ਤਾਂ ਉਸ ਦਾ ਨਵੀਨੀਕਰਨ ਕਰਵਾਉਣਾ ਜਾਂ ਲੋੜ ਨਾ ਹੋਣ ਤੇ ਪੀ.ਆਰ.ਟੀ.ਸੀ. ਦਫਤਰ ਜਮ੍ਹਾਂ ਕਰਵਾਉਣਾ ਵਿਦਿਆਰਥੀ ਅਤੇ ਕਾਲਜ਼ ਦੇ ਮੁਖੀ ਦੀ ਜਿੰਮੇਵਾਰੀ ਹੋਵੇਗੀ । ਸਹਿਮਤੀ ਪੱਤਰ ਸਮੇਂ-ਸਿਰ ਭੇਜਣੇ ਯਕੀਨੀ ਬਣਾਏ ਜਾਣ ।

11/01/2021

ਸਹਾਇਕ ਕੰਟਰੋਲਰ(ਵਿੱਤ ਤੇ ਲੇਖਾ)
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

11/1/21

CS Scanned with CamScanner